ISSN : 2454-7344

ਤ੍ਰੈਮਾਸਿਕ ਪੁਸਤਕ ਲੜੀ

# ਵਾਹਗਾ

ਪ੍ਰਵੇਸ਼ ਅੰਕ • ਜਨਵਰੀ-ਮਾਰਚ • 2016

**ਸੰਪਾਦਕ**

ਚਰਨਜੀਤ ਸੋਹਲ
ਸੁਖਚੈਨ ਢਿੱਲੋਂ

**ਵਾਹਗਾ**

ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ
ਤ੍ਰੈਮਾਸਿਕ ਪੁਸਤਕ ਲੜੀ

# ਵਾਹਗਾ

ਪ੍ਰਵੇਸ਼ ਅੰਕ • ਜਨਵਰੀ–ਮਾਰਚ • 2016

**ਇਸ ਅੰਕ ਲਈ ਵਿਸ਼ੇਸ਼ ਸਹਿਯੋਗ :**
*ਅਮਰਜੀਤ ਚੰਦਨ*

***ਸੰਪਾਦਕ***
ਚਰਨਜੀਤ ਸੋਹਲ
ਸੁਖਚੈਨ ਢਿੱਲੋਂ

•

***ਕਾਰਜਕਾਰੀ ਸੰਪਾਦਕ***
ਤੇਜਿੰਦਰ ਬਾਵਾ

•

***ਸਹਿਯੋਗੀ ਸੰਪਾਦਕ***
ਤੇਜਵੰਤ ਗਿੱਲ
ਸਤਿਆਪਾਲ ਗੌਤਮ
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਦਲਜੀਤ ਮੋਖਾ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਬਲਰਾਜ ਧਾਰੀਵਾਲ
ਹਰਬਿੰਦਰ ਸਿੰਘ
ਸੁਖਪਾਲ
ਸਵਰਾਜਬੀਰ

•

***ਕਲਾ***
ਸੰਦੀਪ * ਹਰਪ੍ਰੀਤ * ਮੰਨੂੰ

*ਖ਼ਤ ਪੱਤਰ :*
7, ਐੱਸ.ਸੀ.ਐੱਫ਼.
ਸੀ–ਬਲਾਕ ਮਾਰਕੀਟ, ਰਣਜੀਤ ਐਵੀਨਿਊ
ਅੰਮ੍ਰਿਤਸਰ– 143001

7, SCF, C-Block Market, Ranjeet Avenue
Amritsar-143001

•

***ਮੋਬਾਇਲ :***
(+91) 7837412401
(001) 647–774–1870

•

***ਈ-ਮੇਲ :***
wahga2015@gmail.com
charanjit.sohal@yahoo.com

•

***ਮੁੱਲ :***
50 ਰੁਪਏ • ਸਾਲਾਨਾ 175 ਰੁਪਏ
ਜੀਵਨ ਸਾਥ : 5000
ਵਿਦੇਸ਼ : 20 ਡਾਲਰ • ਜੀਵਨ ਸਾਥ 500 ਰੁਪਏ

•

*ਟਾਈਟਲ :*
ਹਰਪ੍ਰੀਤ • ਸੰਦੀਪ

•

ਰੂਪ ਸੱਜਾ : **ਮਨਤੇਜ ਗ੍ਰਾਫ਼ਿਕਸ**, ਅੰਮ੍ਰਿਤਸਰ

•


ਛਾਪਕ
**ਪ੍ਰਿੰਟਵੈੱਲ**, 146, ਫੋਕਲ ਪੁਆਇੰਟ, ਅੰਮ੍ਰਿਤਸਰ

# ਤਤਰਤੀਬ


- **ਪ੍ਰਮਿੰਦਰਜੀਤ** ਦੀ ਅਣਛਪੀ ਕਵਿਤਾ / 5
- **ਮੁਨੀਰ ਨਿਆਜ਼ੀ** ਦੀ ਸ਼ਾਇਰੀ / 7
- *ਭਾਸ਼ਾ :* **ਪੰਜਾਬੀ ਭਾਸ਼ਾ ਦਾ ਵਿਕਾਸ**
  –ਸੁਰਜੀਤ ਹਾਂਸ / 14
- *ਰੰਗਮੰਚ :* **ਭਾਜੀ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੇ ਨਾਟਕ**
  –ਸਵਰਾਜਬੀਰ / 18
- *ਕਵਿਤਾਵਾਂ/ਗ਼ਜ਼ਲਾਂ*
  ਅਮਰਜੀਤ ਚੰਦਨ / 24, ਰਾਜਾ ਸਾਦਿਕਉੱਲਾ / 26, ਮਹਮੂਦ ਅਵਾਣ / 27
  ਅਜਾਇਬ ਹੁੰਦਲ / 30, ਗੁਰਭਜਨ ਗਿੱਲ / 31, ਸੁਖਚੈਨ ਮਿਸਤਰੀ / 32
  ਸ਼ਕੁੰਤਲਾ ਤਲਵਾੜ / 53, ਪਰਮਜੀਤ ਦਿਉਲ / 56, ਵਿਦਰੋਹੀ / 134
- *ਇੱਟਾਂ ਤੇ ਗਾਰਾ :* **ਵੱਡੀ ਰਚਨਾ 'ਨਿਰਮਾਣ' ਹੁੰਦੀ ਹੈ**
  –ਸੁਖਪਾਲ / 33
- **ਵੰਡ ਨੂੰ ਨਾ ਭੁੱਲਦਿਆਂ :** –ਸਤਯਪਾਲ ਗੌਤਮ / 41
- *ਅਲਵਿਦਾ :* **ਕਹਾਣੀ / ਧੀ**
  –ਮਹੀਪ ਸਿੰਘ / 47
- *ਸ਼ਿਲਪਕਾਰੀ :* **ਨਕਾਸ਼ ਦਾ ਚਾਤ੍ਰਿਕ**
  –ਸ. ਹਰਿੰਦਰ ਸਿੰਘ ਰੂਪ / 57
- **ਜੇ ਸਿਰ ਦਿੱਤਿਆਂ ਹੱਕ ਹਾਸਿਲ ਹੋਵੇ ਬਾਹੂ...**
  –ਤਸਕੀਨ / 62
- **ਨੀਲੀਆਂ ਅੱਖਾਂ** –ਮ੍ਰਿਤਯੂੰਜਯ ਅਵਸਥੀ / 73
- *ਆਪਨੜੈ ਹੱਥ ਆਰਸੀ :* **ਟੈਲੀਫੋਨ ਡਿਊਟੀ**
  –ਜਿੰਦਰ / 76
- *ਇਕ ਪਾਤਰੀ ਨਾਟਕ :* **ਮੈਂ ਸਾਰਾ...**
  –ਸ਼ਾਹਿਦ ਅਨਵਰ / 81
- *ਤਨਕੀਦ :* **ਬਾਵਾ ਬਲਵੰਤ ਭਾਰਤੀ ਅਵਚੇਤਨ ਤੇ ਪ੍ਰਗਤੀਵਾਦ**
  –ਡਾ. ਸੁਖਦੇਵ ਸਿੰਘ / 100
- *ਲੋਕਧਾਰਾ :* **ਰਾਸ-ਲੀਲ੍ਹਾ ਪ੍ਰਦਰਸ਼ਨ ਦਾ ਚਿਹਨ ਵਿਗਿਆਨ ਅਧਿਐਨ**
  –ਡਾ. ਸਤਿੰਦਰ ਔਲਖ /
- *ਯਾਦਾਂ :* **ਕੈਨਵਸ ਕਵਿਤਾ ਤੇ ਕਾਦਰੀ**
  –ਸੁਰਿੰਦਰ ਸੋਹਲ /
- *ਪੁਸਤਕ :* **ਸਵਰਾਜਬੀਰ ਦੇ ਨਾਟਕ 'ਹੱਕ' ਦੇ ਸਮਾਜ ਨੂੰ ਸਮਝਦਿਆਂ**
  –ਦੇਸ ਰਾਜ ਕਾਲੀ / 128
- *ਸ਼ਖ਼ਸੀਅਤ :* **ਲੋਕ ਸੇਵਕ ਕਾਮਰੇਡ ਜਗੀਰ ਸਿੰਘ ਜੋਗਾ**
  –ਸ੍ਰੀਮਤੀ ਮਹਿੰਦਰ ਕੌਰ
- *ਬੱਚਿਆਂ ਦਾ ਸਾਹਿਤ :* **ਬਾਲ ਸਾਹਿਤ : ਮਨੋਵਿਗਿਆਨਕ ਅਧਿਐਨ**
  ਬਲਰਾਜ ਧਾਰੀਵਾਲ

# ਪ੍ਰਮਿੰਦਰਜੀਤ

## ਦੀ ਅਣਛਪੀ ਕਵਿਤਾ



*ਪ੍ਰਮਿੰਦਰਜੀਤ ਨੇ ਆਪਣੀ ਸਾਰੀ ਹਯਾਤੀ ਪੰਜਾਬੀ ਕਵਿਤਾ ਦੇ ਅੰਗ-ਸੰਗ ਬਿਤਾਈ । ਉਸ ਦੁਆਰਾ ਤੈਅ ਕੀਤੇ ਜਿਊਣ ਦੇ ਨੇਮ ਤੇ ਤਰੀਕੇ ਹੰਢਾਉਣੇ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ। ਉਸ ਦੀ ਕਵਿਤਾ ਦੇ ਲਿਖਣ ਢੰਗ ਦੀ ਨਕਲ ਨਹੀਂ ਕੀਤੀ ਜਾ ਸਕਦੀ। ਹਥਲੀ ਕਵਿਤਾ ਪ੍ਰਮਿੰਦਰਜੀਤ ਦੇ ਆਖ਼ਰੀ ਦਿਨਾਂ ਦੀ ਕਵਿਤਾ ਹੈ ਜਿਸ ਨੂੰ ਉਸ ਨੇ 23 ਮਾਰਚ ਦੀ ਰਾਤ ਨੂੰ ਅਲਵਿਦਾ ਆਖਣ ਤੋਂ ਕੁਝ ਦਿਨ ਹੀ ਪਹਿਲਾਂ ਲਿਖਿਆ ਸੀ। ਅਸੀਂ ਇਹ ਕਵਿਤਾ ਵਾਹਗਾ ਦੇ ਪ੍ਰਵੇਸ਼ ਅੰਕ ਵਿਚ ਛਾਪ ਕੇ ਮਾਣ ਮਹਿਸੂਸ ਕਰ ਰਹੇ ਹਾਂ।*

### • ਥੇਹ : ਇਕ ਪਿੰਡ ਦੀ ਹਿਜਰਤ ਕਥਾ

ਕਿਤੇ ਜਾਂਦਿਆਂ ਆਉਂਦਿਆਂ
ਕਿਤੇ ਨਾ ਕਿਤੇ
ਦਿਸ ਹੀ ਪੈਂਦੀਆਂ ਨੇ ਖ਼ੰਡਰ ਇਮਾਰਤਾਂ, ਢੱਠੀਆਂ ਹਵੇਲੀਆਂ, ਬਾਰਾਂਦਰੀਆਂ
ਆਪਣੇ ਅਤੀਤ ਦੀ ਗੂੜ੍ਹੀ ਨੀਂਦ ਵਿਚ ਸੁੱਤੀਆਂ
ਕਿਤੇ ਕਿਤੇ ਦਿਸ ਪੈਂਦਾ ਏ ਕੋਈ ਥੇਹ
ਸੁੱਤੀ ਮਿੱਟੀ ਦਾ ਅੰਬਾਰ
ਪਰ ਇਹ ਸੁੱਤੀ ਮਿੱਟੀ ਦਾ ਅੰਬਾਰ ਹੀ ਨਹੀਂ ਹੁੰਦਾ
ਇਹ ਹੁੰਦਾ ਏ ਏਥੋਂ ਹਿਜਰਤ ਕਰ ਗਈ
          ਜ਼ਿੰਦਗੀ ਦੀ ਅਲਵਿਦਾ ਦਾ ਚਿਹਰਾ
ਇਹ ਹੁੰਦਾ ਕਿਸੇ ਪਿਛੋਕੜ ਦਾ ਖੰਡਰ ਵਰਤਮਾਨ
ਇਹ ਹੁੰਦਾ ਅਨੇਕਾਂ ਕਥਾ–ਕਥਾਵਾਂ ਦੀ ਗਵਾਹੀ

ਥੇਹ ਦੀ ਮਿੱਟੀ ਨੇ ਵੀ ਹੰਢਾਈ ਹੋਵੇਗੀ ਕਦੇ
          ਨਿੱਕੀ ਜਿਹੀ ਸਭਿਅਤਾ
ਵਸਦੀ ਰਹੀ ਹੋਵੇਗੀ ਏਥੇ
ਰਿਸ਼ਤਿਆਂ 'ਚ ਪਰੁਚੀ ਰਹਿਤਲ
ਇਹਦੇ ਵਾਸੀ ਤੁਰ ਗਏ ਹੋਣਗੇ ਹੋਰ ਕਿਤੇ
ਨਵਾਂ ਪਿੰਡ ਵਸਾਉਣ ਦੀ ਤਾਂਘ ਲੈ ਕੇ
ਮਿੱਟੀ ਦੇ ਸੁੰਞੇ ਕੱਚੇ ਘਰਾਂ ਦੀ ਨੁਹਾਰ ਹੀ ਥੇਹ ਹੋਈ
ਜਾਗਦੀ ਮਿੱਟੀ ਹੀ ਬਾਤਾਂ ਪਾਉਂਦੀ ਸਦਾ
ਥੇਹ ਦੀ ਮਿੱਟੀ ਨਹੀਂ ਬੋਲਦੀ ਕਦੇ

ਇਹਦੀ ਚੁੱਪ ਹੀ ਹੁੰਦੀ ਏ ਇਸ ਦੀ ਇਤਿਹਾਸ ਕਥਾ
ਇਹਦੀ ਬੇਬੋਲਤਾ 'ਚ ਹੁੰਦੀ ਏ ਇਹਦੀ ਬੋਲ ਬਾਣੀ
ਇਹਦੇ ਕੋਲ ਹੀ ਜ਼ਿੰਦਗੀ ਪਰਵਾਜ਼ ਭਰਦੀ ਹੋਏਗੀ
ਏਥੇ ਵਗੇ ਹੋਣਗੇ ਹਲਟੀਆਂ ਖੂਹਾਂ ਦੇ ਪਾਣੀ
ਮਨੁੱਖਾਂ ਤੇ ਖੇਤਾਂ ਦੀ ਬੁਝੀ ਹੋਏਗੀ ਪਿਆਸ
ਸਿੰਜੀ ਗਈ ਹੋਏਗੀ ਧਰਤੀ ਦੀ ਕੁੱਖ
ਫ਼ਸਲਾਂ ਤੇ ਬਿਰਖ਼ਾਂ ਨੇ ਗਾਇਆ ਹੋਏਗਾ
                    ਹਰਿਆਵਲ ਦਾ ਗੀਤ
ਪੰਛੀਆਂ ਨੇ ਆਲ੍ਹਣਿਆਂ 'ਚੋਂ ਉਡਾਰੀਆਂ ਭਰ ਕੇ

ਭਰ ਦਿੱਤਾ ਹੋਏਗਾ ਅਸਮਾਨ ਕਦੇ
ਕਈ ਬਚਪਨ ਹੋਏ ਹੋਣਗੇ ਗੱਭਰੂ
ਕਈ ਜਵਾਨੀਆਂ ਬਿਰਧ ਹੋਈਆਂ ਹੋਣਗੀਆਂ
ਰਿਸ਼ਤਿਆਂ ਦਾ ਇਕ ਪਿੰਡ
ਘੁੱਗ ਵਸਦਾ ਹੋਏਗਾ ਏਥੇ
ਛਣਕੀਆਂ ਹੋਣਗੀਆਂ ਚੂੜੀਆਂ, ਚੂੜੇ/ਬੱਝੇ ਹੋਣਗੇ ਸਿਹਰੇ, ਕਲੀਰੇ
ਨੱਚੇ ਹੋਣਗੇ ਗੁੱਤਾਂ ਪਰਾਂਦੇ ਤੇ ਸ਼ਮ੍ਹਲੇ
ਆਈਆਂ ਤੇ ਚੜ੍ਹੀਆਂ ਹੋਣਗੀਆਂ ਬਰਾਤਾਂ
ਗੂੰਜਿਆ ਹੋਏਗਾ ਗਿੱਧਾ, ਭੰਗੜਾ, ਨਿਕਲੀ ਹੋਏਗੀ ਜਾਗੋ
ਮੁਰਕੀਆਂ, ਨੱਤੀਆਂ, ਝਾਂਜਰਾਂ, ਤਵੀਤੜੀਆਂ ਨੇ
ਗਲੀਆਂ 'ਚ ਰੌਣਕ ਭਰੀ ਹੋਏਗੀ
ਕਿਸੇ ਦਾ ਪੇਕਾ ਤੇ ਕਿਸੇ ਦਾ ਸਹੁਰਾ ਘਰ ਰਿਹਾ ਹੋਏਗਾ ਏਥੇ

ਏਥੇ ਵੀ ਚੇਤਰ ਬਣ ਕੇ ਖਿੜੀਆਂ ਹੋਣਗੀਆਂ ਰੁੱਤਾਂ
ਵਰਸੇ ਹੋਣਗੇ ਸਾਉਣ ਭਾਦੋਂ ਦੇ ਮੇਘਲੇ
ਬਾਰਾਮਾਹ ਦੀ ਸਰਗਮ ਛਿੜਦੀ ਰਹੀ ਹੋਏਗੀ
ਆਉਂਦੀ ਹੋਏਗੀ ਮੱਸਿਆ ਤੇ ਸੰਗਰਾਂਦ
ਸੁੱਖ ਸਾਂਦ ਦਾ ਸੁਨੇਹਾ ਲੈ ਕੇ
ਉਮੰਗਾਂ ਲੱਦੇ ਆਉਂਦੇ ਹੋਣਗੇ ਦਿਨ ਤਿਉਹਾਰ
ਹੁੰਦੀਆਂ ਹੋਣਗੀਆਂ ਮੰਨਤਾਂ ਮਨੌਤਾਂ, ਅਰਦਾਸਾਂ

ਘੁੱਗ ਵਸਦੇ ਪਿੰਡ ਦੀ
ਆਪਣੀ ਤਾਸੀਰ ਤੇ ਨੁਹਾਰ ਹੁੰਦੀ
ਥੇਹ ਵੀ ਕਦੇ ਥੇਹ ਨਹੀਂ ਸੀ
ਜਾਗਦੀ ਮਿੱਟੀ ਦਾ ਹੁੰਗਾਰਾ ਸੀ
ਵਸਦੇ ਰਸਦੇ ਕੱਚੇ ਘਰਾਂ ਦੀ ਰੁਣਝੁਣ ਸੀ
ਰਿਜ਼ਕ ਨਾਲ ਭਰੀਆਂ ਹੋਣਗੀਆਂ ਭੜੋਲੀਆਂ, ਭੜੋਲੇ
ਚਾਟੀਆਂ, ਮਧਾਣੀਆਂ 'ਚ ਰੁਮਕਦਾ ਸੰਗੀਤ ਹੋਏਗਾ
ਚੌਂਕੇ ਚੁੱਲ੍ਹਿਆਂ 'ਚ ਰੰਗਤ ਭਰਦੇ ਹੋਣਗੇ ਮਿੱਟੀ ਦੇ ਮੋਰ
ਵਿਹੜਿਆਂ 'ਚ ਫੁਲਕਾਰੀਆਂ ਸਾਲੂਆਂ ਤੇ ਘਗਰਿਆਂ ਦੇ ਰੰਗ ਖਿੱਲਰੇ ਹੋਣਗੇ
ਲੋਰੀਆਂ, ਘੋੜੀਆਂ, ਸੁਹਾਗ ਗਾਏ ਗਏ ਹੋਣਗੇ
ਸ਼ਗਨਾਂ ਤੇ ਉਦਾਸੀਆਂ ਦੀ ਹੁੰਦੀ ਹੋਏਗੀ ਜੁਗਲਬੰਦੀ

ਪਰ ਇਹ ਸਭ ਕੁਝ ਤਾਂ ਬੀਤ ਗਿਆ ਏ
ਥੇਹ ਦੀ ਮਿੱਟੀ 'ਚੋਂ ਹੁਣ ਕਿਸੇ ਕੀ ਫੋਲਣਾ
ਹੁਣ ਇਹਨੇ ਕੀ ਬੋਲਣਾ
ਆਉਂਦੇ ਜਾਂਦੇ ਹੀ ਇਕ ਥੇਹ ਨੇ
ਇਹ ਇਕ ਕਥਾ ਸੁਣਾਈ ਏ
ਓਹੋ ਕਥਾ ਹੀ ਮੈਂ ਦੁਹਰਾਈ ਏ

•